**Human Early Learning Partnership (HELP)**
*University of British Columbia*
440-2206 East Mall Vancouver
BC Canada V6T 1Z3
www.earlylearning.ubc.ca

## ਮੱਧ ਬਚਪਨ ਨੂੰ ਸਮਝਣਾ: The Middle Years Development Instrument (MDI)

### ਮਾਤਾ/ਪਿਤਾ/ਨਿਗਰਾਨ ਵਲੋਂ ਸੂਚਿਤ ਨਿਸ਼ਕਿਰਿਆ ਸਹਿਮਤੀ ਪੱਤਰ

**ਮੁੱਖ ਪੜਤਾਲ ਕਰਤਾ:** Eva Oberle, Ph.D., Human Early Learning Partnership, *ਸਕੂਲ ਆਫ ਪਾਪੁਲੇਸ਼ਨ ਐਂਡ ਪਬਲਿਕ ਹੈਲਥ*, eva.oberle@ubc.ca

**ਸਹਿ-ਪੜਤਾਲ ਕਰਤਾ** UBC's Human Early Learning Partnership, ***ਸਕੂਲ ਆਫ ਪਾਪੁਲੇਸ਼ਨ ਐਂਡ ਪਬਲਿਕ ਹੈਲਥ*** ਵਿਖੇ:

Kimberly Schonert-Reichl, Ph.D., Magdalena Janus, Ph.D., Martin Guhn, Ph.D., Anne Gadermann, Ph.D.
**ਪ੍ਰੋਜੈਕਟ ਲਈ ਸੰਪਰਕ ਵਿਅਕਤੀ:** Marit Gilbert, mdi@help.ubc.ca, 604-827-5504

---

**ਸੰਖੇਪ ਵੇਰਵਾ**

- ਤੁਹਾਡੇ ਬੱਚੇ ਦੇ ਸਕੂਲ ਵਿੱਚ ਸਮਾਜਕ ਅਤੇ ਭਾਵਨਾਤਮਕ ਵਿਕਾਸ, ਸਿਹਤ ਅਤੇ ਖੈਰੀਅਤ ਬਾਰੇ ਇੱਕ ਸਰਵੇਖਣ ਹੋਵੇਗਾ।
- ਜੇ ਤੁਸੀਂ ਆਪਣੇ ਬੱਚੇ ਨੂੰ ਇਸ ਸਰਵੇਖਣ ਤੋਂ ਬਾਹਰ ਰੱਖਣ ਲਈ ਬੇਨਤੀ ਨਹੀਂ ਕਰਦੇ, ਤਾਂ ਤੁਹਾਡੇ ਬੱਚੇ ਨੂੰ ਇਸ ਸਰਵੇਖਣ ਨੂੰ ਪੂਰਾ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ
- ਜੇ ਤੁਹਾਡਾ ਬੱਚਾ ਚਾਹੇ ਤਾਂ ਸਰਵੇਖਣ ਨੂੰ ਪੂਰਾ ਕਰ ਸਕਦਾ ਹੈ, ਕੋਈ ਸਵਾਲ ਛੱਡ ਸਕਦਾ ਹੈ ਅਤੇ ਕਿਸੇ ਵੀ ਸਮੇਂ ਸਰਵੇਖਣ ਛੱਡ ਕੇ ਜਾ ਸਕਦਾ ਹੈ।
- ਜੇ ਇਸ ਸਰਵੇਖਣ ਬਾਰੇ ਤੁਸੀਂ ਹੋਰ ਜਾਣਕਾਰੀ ਪ੍ਰਾਪਤ ਕਰਨਾ ਚਾਹੁੰਦੇ ਤਾਂ ਕਿਰਪਾ ਕਰਕੇ ਇੱਥੇ ਜਾਓ: https://earlylearning.ubc.ca/monitoring-system/mdi/parent-caregiver-info/.

ਪਿਆਰੇ ਮਾਤਾ-ਪਿਤਾ/ਨਿਗਰਾਨ ਜੀ,

ਤੁਹਾਡਾ ਸਕੂਲ ਅਤੇ University of British Columbia (UBC) ਦਾ Human Early Learning Partnership (HELP) ਤੁਹਾਡੇ ਬੱਚੇ ਨੂੰ Middle Years Development Instrument (MDI) ਨੂੰ ਪੂਰਾ ਕਰਨ ਵਿੱਚ ਹਿੱਸਾ ਲੈਣ ਲਈ ਸੱਦਾ ਦਿੰਦੇ ਹਨ। MDI ਵਿੱਚ ਸਮਾਜਕ ਅਤੇ ਭਾਵਨਾਤਮਕ ਵਿਕਾਸ, ਸਿਹਤ, ਸਕੂਲ ਦੇ ਅਨੁਭਵਾਂ, ਆਪਸੀ ਮੇਲਜੋਲ ਅਤੇ ਸਕੂਲ ਦੇ ਬਾਹਰ ਦੇ ਅਨੁਭਵਾਂ ਬਾਰੇ ਪੁੱਛਿਆ ਜਾਂਦਾ ਹੈ। ਗ੍ਰੇਡ 4 ਤੋਂ 8 ਦੇ ਵਿਦਿਆਰਥੀਆਂ ਨੂੰ ਜਨਵਰੀ/ਫਰਵਰੀ ਵਿੱਚ ਕਲਾਸ ਟਾਈਮ ਦੇ ਦੌਰਾਨ MDI ਪੂਰਾ ਕਰਨ ਲਈ ਆਖਿਆ ਜਾਵੇਗਾ। ਇਸ MDI ਪ੍ਰੋਜੈਕਟ ਦੀ ਸਰਪ੍ਰਸਤੀ ਤੁਹਾਡਾ ਸਕੂਲ ਡਿਸਟ੍ਰਿਕਟ ਕਰ ਰਿਹਾ ਹੈ।

## ਇਸ ਪ੍ਰੋਜੈਕਟ ਦਾ ਉਦੇਸ਼ ਕੀ ਹੈ?

ਇਸ ਪ੍ਰੋਜੈਕਟ ਦਾ ਉਦੇਸ਼ ਜਾਣਕਾਰੀ ਪ੍ਰਾਪਤ ਕਰਕੇ ਬੱਚਿਆਂ ਦੇ ਸਮਾਜਕ ਅਤੇ ਭਾਵਨਾਤਮਕ ਵਿਕਾਸ, ਸਿਹਤ ਅਤੇ ਤੰਦਰੁਸਤੀ ਦੇ ਉਹਨਾਂ ਪੱਖਾਂ ਨੂੰ ਬਿਹਤਰ ਸਮਝਣਾ ਹੈ ਜੋ ਸਮੁੱਚੇ ਤੌਰ 'ਤੇ ਸਕੂਲ ਅਤੇ ਜੀਵਨ ਵਿੱਚ ਉਹਨਾਂ ਦੀ ਕਾਮਯਾਬੀ ਵਿੱਚ ਯੋਗਦਾਨ ਕਰਦੇ ਹਨ। ਇਹ ਜਾਣਕਾਰੀ ਸਾਨੂੰ ਬੱਚਿਆਂ ਦੀ ਸਿਹਤ ਅਤੇ ਖੈਰੀਅਤ ਉੱਪਰ ਪੈਣ ਵਾਲੇ ਅਸਰਾਂ ਨੂੰ ਸਮਝਣ ਵਿੱਚ ਮਦਦ ਕਰੇਗੀ। MDI ਇਹਨਾਂ ਬੱਚਿਆਂ ਨੂੰ ਉਹ ਆਵਾਜ਼ ਦਿੰਦਾ ਹੈ ਜਿਸ ਰਾਹੀਂ ਉਹ ਆਪਣੇ ਸਕੂਲ, ਘਰ ਅਤੇ ਭਾਈਚਾਰੇ ਵਿਚਲੇ ਆਪਣੇ ਤਜਰਬਿਆਂ, ਵਿਚਾਰਾਂ ਅਤੇ ਭਾਵਨਾਵਾਂ ਨੂੰ ਸਾਂਝਾ ਕਰਦੇ ਹਨ, ਜਿਸ ਵਿੱਚ ਇਹ ਵੀ ਸ਼ਾਮਲ ਹੈ ਕਿ ਉਹ ਆਪਣਾ ਸਮਾਂ ਕਿਵੇਂ ਬਿਤਾਉਂਦੇ ਹਨ। ਸਕੂਲ, ਸਰਕਾਰਾਂ ਅਤੇ ਭਾਈਚਾਰੇ MDI ਵਾਲੀ ਜਾਣਕਾਰੀ ਦੀ ਵਰਤੋਂ ਬੱਚਿਆਂ ਲਈ, ਸਹਾਇਤਾ ਅਤੇ ਸੇਵਾਵਾਂ ਨੂੰ ਹੋਰ ਬਿਹਤਰ ਬਣਾਉਣ ਲਈ ਕਰ ਸਕਦੇ ਹਨ। ਸਰਵੇਖਣ ਦੇ ਸਵਾਲ ਦੇਖਣ ਲਈ ਕਿਰਪਾ ਕਰਕੇ ਇੱਥੇ ਜਾਓ: https://earlylearning.ubc.ca/monitoring-system/mdi/parent-caregiver-info/.

## ਕੀ ਹੋਵੇਗਾ?

ਸਕੂਲ ਸਟਾਫ ਦੀ ਨਿਗਰਾਨੀ ਹੇਠ ਵਿਦਿਆਰਥੀ MDI ਨੂੰ ਔਨਲਾਈਨ ਪੂਰਾ ਕਰਨਗੇ। ਸਰਵੇਖਣ ਕਲਾਸ ਟਾਈਮ ਦੇ 45-60 ਮਿੰਟ ਲਵੇਗਾ। ਕਈ ਸਵਾਲ ਬੱਚਿਆਂ ਦੀ ਭਾਵਨਾਵਾਂ ਅਤੇ ਰਿਸ਼ਤਿਆਂ ਦੇ ਬਾਰੇ ਪੁੱਛਦੇ ਹਨ। ਸਰਵੇਖਣ ਵਿੱਚ ਇੱਕ ਅਜਿਹੀ ਥਾਂ ਹੈ, ਜਿੱਥੇ ਤੁਹਾਡਾ ਬੱਚਾ ਉਸ ਨੂੰ ਹੋ ਰਹੀ ਕਿਸੇ ਵੀ ਕਠਿਨਾਈ ਦੇ ਲਈ ਮਦਦ ਮੰਗ ਸਕਦਾ ਹੈ। ਜੇ ਤੁਹਾਡਾ ਬੱਚਾ ਮਦਦ ਮੰਗਦਾ ਹੈ ਤਾਂ ਟੀਚਰ ਅਤੇ ਪ੍ਰਿੰਸੀਪਲ ਨੂੰ ਈਮੇਲ ਮਿਲੇਗੀ ਅਤੇ ਉਹ ਸਕੂਲ ਦੀਆਂ ਪ੍ਰਕਿਰਿਆਵਾਂ ਦੀ ਪਾਲਣਾ ਕਰਦੇ ਹੋਏ ਤੁਹਾਡੇ ਬੱਚੇ ਲਈ ਲੋੜੀਂਦੀ ਕਾਰਵਾਈ ਕਰਨਗੇ।

## ਭਾਗ ਲੈਣਾ ਸਵੈ-ਇੱਛਿਤ ਹੈ

MDI ਪੂਰੀ ਤਰ੍ਹਾਂ ਸਵੈ-ਇੱਛਿਤ ਹੈ। ਤੁਹਾਡਾ ਬੱਚਾ ਕੋਈ ਵੀ ਸਵਾਲ ਛੱਡ ਸਕਦਾ ਹੈ ਜਾਂ ਕਿਸੇ ਵੀ ਸਮੇਂ ਜਵਾਬ ਦੇਣਾ ਛੱਡ ਕੇ ਜਾ ਸਕਦਾ ਹੈ। ਸਰਵੇਖਣ ਵਿੱਚ ਭਾਗ ਲੈਣ ਜਾਂ ਨਾ ਲੈਣ ਨਾਲ ਤੁਹਾਡੇ ਬੱਚੇ ਦੇ ਗ੍ਰੇਡਾਂ 'ਤੇ ਕੋਈ ਅਸਰ ਨਹੀਂ ਪਵੇਗਾ। ਇਸ ਦਾ ਸਕੂਲ ਵੱਲੋਂ ਜਾਂ ਸਕੂਲ ਬੋਰਡ ਵੱਲੋਂ ਤੁਹਾਡੇ ਪਰਿਵਾਰ ਨੂੰ ਮਿਲਣ ਵਾਲੀ ਕਿਸੇ ਸੇਵਾ ਦੇ ਉੱਪਰ ਕੋਈ ਅਸਰ ਨਹੀਂ ਪਵੇਗਾ।

**ਜੇ ਤੁਸੀਂ ਨਹੀਂ ਚਾਹੁੰਦੇ ਕਿ ਤੁਹਾਡਾ ਬੱਚਾ** MDI **ਨੂੰ ਭਰੇ ਤਾਂ ਕਿਰਪਾ ਕਰਕੇ ਇਸ ਚਿੱਠੀ ਨੂੰ ਮਿਲਣ ਦੇ 2 ਹਫਤਿਆਂ ਦੇ ਅੰਦਰ ਇਸ ਨਾਲ ਨੱਥੀ ਫਾਰਮ ਨੂੰ ਭਰ ਕੇ ਆਪਣੇ ਬੱਚੇ ਦੇ ਟੀਚਰ ਜਾਂ ਪ੍ਰਿੰਸੀਪਲ ਕੋਲ ਪਹੁੰਚਾ ਦਿਓ।** ਸਰਵੇਖਣ ਪ੍ਰਬੰਧਨ ਤੋਂ ਪਹਿਲਾਂ **ਕਿਸੇ ਵੀ ਸਮੇਂ** ਤੁਸੀਂ ਆਪਣੇ ਬੱਚੇ ਨੂੰ ਸਰਵੇਖਣ ਤੋਂ ਬਾਹਰ ਕੱਢ ਸਕਦੇ ਹੋ। ਆਪਣੇ ਬੱਚੇ ਨੂੰ ਇਸ ਸਰਵੇਖਣ ਤੋਂ ਬਾਹਰ ਰੱਖਣ ਲਈ ਤੁਸੀਂ MDI ਦੀ ਪ੍ਰੋਜੈਕਟ ਟੀਮ ਨੂੰ ਵੀ mdi@help.ubc.ca 'ਤੇ ਈਮੇਲ ਭੇਜ ਸਕਦੇ ਹੋ। ਜੇ ਇੱਕ ਵਾਰੀ ਡੈਟਾ ਰਿਪੋਰਟਾਂ ਵਿੱਚ ਸ਼ਾਮਲ ਹੋ ਜਾਂਦਾ ਹੈ ਤਾਂ ਤੁਹਾਡੇ ਬੱਚੇ ਨੂੰ ਬਾਹਰ ਕੱਢਿਆ ਨਹੀਂ ਜਾ ਸਕਦਾ। ਸਰਵੇਖਣ ਵਿੱਚ ਹਿੱਸਾ ਨਾ ਲੈਣ ਵਾਲਾ ਬੱਚਾ ਉਸ ਦਿਨ ਆਪਣੇ ਸਕੂਲ ਦੇ ਰੋਜ਼ਾਨਾ ਦੇ ਕਾਰਜਕ੍ਰਮ ਨਾਲ ਜੁੜਿਆ ਕੋਈ ਕੰਮ ਕਰੇਗਾ।

## ਤੁਹਾਡੇ ਬੱਚੇ ਦੀ ਨਿੱਜਤਾ ਦੀ ਸੁਰੱਖਿਆ ਕਿਵੇਂ ਹੋਵੇਗੀ?

ਸਰਵੇਖਣ ਦੇ ਸਵਾਲਾਂ ਲਈ ਤੁਹਾਡੇ ਬੱਚੇ ਦੇ ਜਵਾਬ **ਨਿੱਜੀ ਅਤੇ ਗੁਪਤ** ਹਨ ਅਤੇ ਉਹਨਾਂ ਨੂੰ ਤੁਹਾਡੇ ਨਾਲ ਜਾਂ ਸਕੂਲ ਜਾਂ ਸਕੂਲ ਡਿਸਟ੍ਰਿਕਟ ਦੇ ਕਿਸੇ ਸਟਾਫ ਨਾਲ ਸਾਂਝਾ ਨਹੀਂ ਕੀਤਾ ਜਾਵੇਗਾ। ਇਸ ਪ੍ਰੋਜੈਕਟ ਤੋਂ ਕੋਈ ਵੀ ਜਾਣਕਾਰੀ ਤੁਹਾਡੇ ਬੱਚੇ ਦੇ ਸਕੂਲ ਰਿਕਾਰਡ ਵਿੱਚ ਨਹੀਂ ਜੋੜੀ ਜਾਏਗੀ। ਖੋਜ ਪ੍ਰਕਾਸ਼ਨਾਂ ਜਾਂ ਜਨਤਕ ਦਸਤਾਵੇਜ਼ਾਂ ਵਿੱਚ ਤੁਹਾਡੇ ਬੱਚੇ ਦੀ ਜਾਂ ਤੁਹਾਡੇ ਬੱਚੇ ਦੇ ਸਕੂਲ ਦੀ ਪਛਾਣ ਨਹੀਂ ਕੀਤੀ ਜਾਵੇਗੀ।

## HELP (UBC) ਨਾਲ ਕਿਹੜੀ ਜਾਣਕਾਰੀ ਸਾਂਝੀ ਕੀਤੀ ਜਾਏਗੀ?

MDI ਦੇ ਵਿੱਚ ਹਿੱਸਾ ਲੈਣ ਦੇ ਲਈ, ਤੁਹਾਡਾ ਸਕੂਲ ਡਿਸਟ੍ਰਿਕਟ UBC ਵਿਖੇ HELP ਨੂੰ ਤੁਹਾਡੇ ਬੱਚੇ ਬਾਰੇ ਜਾਣਕਾਰੀ ਮੁਹੱਈਆ ਕਰਦਾ ਹੈ, ਜਿਸ ਵਿੱਚ ਤੁਹਾਡੇ ਬੱਚੇ ਦਾ ਨਾਂ, ਨਿੱਜੀ ਸਿੱਖਿਆ ਨੰਬਰ (PEN), ਜਨਮ ਦੀ ਮਿਤੀ, ਲਿੰਗ ਸਬੰਧੀ ਜਾਣਕਾਰੀ, ਡਾਕ ਕੋਡ ਅਤੇ ਉਹ ਫਸਟ ਨੇਸ਼ਨਜ਼, ਮੇਟਿਸ ਜਾਂ ਇਨੁਇਟ ਹੈ ਜਾਂ ਨਹੀਂ, ਸ਼ਾਮਲ ਹੁੰਦੇ ਹਨ। ਵਾਧੂ ਜਾਣਕਾਰੀ, ਜਿਸ ਵਿੱਚ ਇਹ ਸ਼ਾਮਲ ਹੈ ਕਿ ਉਹ ਅਸਮਰਥਤਾ ਪੀੜਤ ਹੈ ਜਾਂ ਨਹੀਂ**,** ਜਾਂ ਉਹ ਅੰਗਰੇਜ਼ੀ ਭਾਸ਼ਾ ਸਿੱਖਿਆਰਥੀ ਹੈ ਜਾਂ ਨਹੀਂ ਜਾਂ ਉਹ ਫ੍ਰੈਂਚ ਇਮਰਸ਼ਨ ਪ੍ਰੋਗਰਾਮ ਵਿੱਚ ਹੈ ਜਾਂ ਨਹੀਂ, ਨੂੰ ਸਿਰਫ ਖੋਜ ਅਤੇ ਰਿਪੋਰਟਿੰਗ ਦੇ ਉਦੇਸ਼ਾਂ ਲਈ ਵਰਤਿਆ ਜਾਂਦਾ ਹੈ। ਤੁਹਾਡੇ ਬੱਚੇ ਦੇ ਨਾਂ ਦੀ ਵਰਤੋਂ ਸਿਰਫ਼ ਇਸ ਲਈ ਹੁੰਦੀ ਹੈ ਤਾਂ ਜੋ ਤੁਹਾਡਾ ਬੱਚਾ ਸਰਵੇਖਣ ਲਈ ਲੌਗ-ਇਨ ਕਰ ਸਕੇ। ਸਰਵੇਖਣ ਪੂਰਾ ਹੋਣ ਦੇ ਬਾਅਦ ਬੱਚੇ ਦੇ ਨਾਂ ਨੂੰ ਸਰਵੇਖਣ ਦੇ ਜਵਾਬਾਂ ਤੋਂ ਵੱਖ ਕਰ ਦਿੱਤਾ ਜਾਂਦਾ ਹੈ।

## ਡੈਟਾ ਨੂੰ ਕਿਵੇਂ ਵਰਤਿਆ ਅਤੇ ਸਟੋਰ ਕੀਤਾ ਜਾਵੇਗਾ?

MDI ਡੈਟਾ ਨੂੰ ਇੱਕ ਸੁਰੱਖਿਅਤ ਵਾਤਾਵਰਨ ਵਿੱਚ ਸਟੋਰ ਕੀਤਾ ਜਾਂਦਾ ਹੈ। ਨਿੱਜੀ ਜਾਣਕਾਰੀ ਨੂੰ ਸਰਵੇਖਣ ਵਿੱਚ ਤੁਹਾਡੇ ਬੱਚੇ ਵਲੋਂ ਦਿੱਤੇ ਗਏ ਜਵਾਬਾਂ ਤੋਂ ਵੱਖ ਰੱਖਿਆ ਜਾਂਦਾ ਹੈ। MDI ਡੈਟਾ ਦੀ ਵਰਤੋਂ ਸਿਰਫ਼ **ਫੈਡਰਲ, ਪ੍ਰਾਂਤ/ਸੂਬਾਈ ਨਿੱਜਤਾ ਕਾਨੂੰਨਾਂ ਦੇ ਅੰਤਰਗਤ** ਮਨਜ਼ੂਰਸ਼ੁਦਾ ਖੋਜ ਅਧਿਐਨਾਂ ਲਈ ਕੀਤੀ ਜਾਂਦੀ ਹੈ। ਖੋਜਕਰਤਾ ਖੋਜ ਜਾਂ ਅੰਕੜਿਆਂ ਸਬੰਧੀ ਉਦੇਸ਼ਾਂ ਲਈ MDI ਡੈਟਾ ਦੀ ਵਰਤੋਂ ਲਈ ਇਜਾਜ਼ਤ ਮੰਗ ਸਕਦੇ ਹਨ। ਮਨਜ਼ੂਰਸ਼ੁਦਾ ਖੋਜਕਰਤਾ ਨੂੰ ਅਜਿਹਾ ਡੈਟਾ ਮੁਹੱਈਆ ਕੀਤਾ ਜਾਵੇਗਾ ਜਿਸਨੂੰ ਕਿਸੇ ਇੱਕ ਖਾਸ ਵਿਦਿਆਰਥੀ ਨਾਲ ਨਹੀਂ ਜੋੜਿਆ ਜਾ ਸਕਦਾ।

ਉਹਨਾਂ ਕਾਰਕਾਂ ਦਾ ਪਤਾ ਲਗਾਉਣ ਲਈ ਜੋ ਬੱਚਿਆਂ ਦੀ ਖੈਰੀਅਤ, ਸਿਹਤ ਅਤੇ ਸਕੂਲ ਵਿੱਚ ਕਾਮਯਾਬੀ ਉੱਪਰ ਅਸਰ ਪਾਂਦੇ ਹਨ, ਤੁਹਾਡੇ ਬੱਚੇ ਦੇ ਡੈਟਾ ਨੂੰ ਵਿਅਕਤੀਗਤ ਪੱਧਰ 'ਤੇ ਦੂਜੇ ਡੈਟਾ ਨਾਲ ਜੋੜਿਆ ਜਾ ਸਕਦਾ ਹੈ। ਦੂਜੇ ਡੈਟਾ ਵਿੱਚ ਸਿੱਖਿਆ ਅਤੇ ਸਿਹਤ ਸਬੰਧੀ ਜਾਣਕਾਰੀ ਸ਼ਾਮਲ ਹੋ ਸਕਦੀ ਹੈ। ਲਿੰਕ ਕੀਤੇ ਹੋਏ ਡੈਟਾ ਦੀ **ਵਰਤੋਂ *ਸਿਰਫ* ਕਿਸੇ ਮਨਜ਼ੂਰਸ਼ੁਦਾ ਖੋਜ ਇਕਰਾਰਨਾਮੇ ਦੇ ਅੰਤਰਗਤ ਖੋਜ ਅਤੇ ਅੰਕੜਿਆਂ ਸਬੰਧੀ ਉਦੇਸ਼ਾਂ ਲਈ, ਜਾਂ ਪ੍ਰੋਗਰਾਮਾਂ ਦੀ ਯੋਜਨਾਬੰਦੀ, ਮੁਲਾਂਕਣ ਜਾਂ ਖੋਜ ਦੇ ਉਦੇਸ਼ਾਂ ਲਈ *ਸਾਂਝੀ ਜਾਣਕਾਰੀ ਸਬੰਧੀ ਸਮਝੌਤੇ* ਦੇ ਅੰਤਰਗਤ ਕੀਤੀ ਜਾ ਸਕਦੀ ਹੈ।**

ਪ੍ਰੋਗਰਾਮ ਮੁਲਾਂਕਣ, ਯੋਜਨਾਬੰਦੀ, ਖੋਜ, ਜਾਂ ਅੰਕੜਾ ਉਦੇਸ਼ਾਂ ਲਈ ਤੁਹਾਡੇ ਬੱਚੇ ਦਾ ਡੇਟਾ ਬੀ ਸੀ ਸਰਕਾਰ ਦੇ ਮੰਤਰਾਲਿਆਂ ਅਤੇ ਸਿਹਤ ਅਥਾਰਟੀਆਂ ਨਾਲ ਵੀ ਸਾਂਝਾ ਕੀਤਾ ਜਾਂਦਾ ਹੈ। ਮੰਤਰਾਲਿਆਂ ਅਤੇ ਸਿਹਤ ਅਥਾਰਟੀਆਂ ਨਾਲ ਸਾਂਝੇ ਕੀਤੇ ਗਏ ਡੇਟਾ ਨੂੰ ਦੂਜੇ ਡੇਟਾ ਸੈੱਟਾਂ ਨਾਲ ਜੋੜਿਆ ਜਾ ਸਕਦਾ ਹੈ ਅਤੇ ਉਸਦੇ ਬਾਅਦ ਜਾਣਕਾਰੀ ਸਾਂਝਾਕਰਨ ਸਮਝੌਤੇ ਦੇ ਅਨੁਸਾਰ, ਵਿਸ਼ਲੇਸ਼ਣ ਲਈ ਪਹੁੰਚ ਅਤੇ ਵਰਤੋਂ ਤੋਂ ਪਹਿਲਾਂ ਨਿੱਜੀ ਪਛਾਣ ਨੂੰ ਮਿਟਾ ਦਿੱਤਾ ਜਾਂਦਾ ਹੈ। ਰਿਪੋਰਟ ਸਿਰਫ਼ ਸਮੂਹ ਦੇ ਪੱਧਰ 'ਤੇ ਕੀਤੀ ਜਾ ਸਕਦੀ ਹੈ। ਹੋਰ ਜਾਣਕਾਰੀ ਇੱਥੇ ਮਿਲ ਸਕਦੀ ਹੈ: https://earlylearning.ubc.ca/about/privacy-and-ethics/. ਤੁਹਾਡੇ ਬੱਚੇ ਦੇ ਸਰਵੇਖਣ ਵਿਚਲੇ ਡੈਟਾ ਦੀ ਨਿੱਜਤਾ ਬਾਰੇ ਦੂਜੀਆਂ ਚਿੰਤਾਵਾਂ ਲਈ ਕਿਰਪਾ ਕਰਕੇ HELP ਦੇ ਪ੍ਰਾਇਵੇਸੀ ਅਫਸਰ ਨਾਲ privacy@help.ubc.ca 'ਤੇ ਸੰਪਰਕ ਕਰੋ।

## ਪ੍ਰੋਜੈਕਟ ਦੇ ਨਤੀਜੇ

ਸਕੂਲ ਦੀਆਂ ਰਿਪੋਰਟਾਂ ਨੂੰ ਸਕੂਲ ਡਿਸਟ੍ਰਿਕਟ ਅਤੇ ਸਕੂਲਾਂ ਸਾਂਝਾ ਕੀਤਾ ਜਾਂਦਾ ਹੈ, ਪਰ ਅਜਿਹਾ ਜਨਤਕ ਪੱਧਰ 'ਤੇ ਨਹੀਂ ਕੀਤਾ ਜਾਂਦਾ ਹੈ। ਸਰਵੇਖਣ ਦੇ ਨਤੀਜਿਆਂ ਦੀਆਂ ਸਰਬਜਨਕ ਕਮਿਊਨਿਟੀ ਰਿਪੋਰਟਾਂ ਅਤੇ ਨੇਬਰਹੁੱਡ ਨਕਸ਼ੇ HELP ਵਲੋਂ ਇੱਥੇ ਮੁਹੱਈਆ ਕੀਤੇ ਜਾਂਦੇ ਹਨ: https://earlylearning.ubc.ca/reports/ . ਜੇ ਤੁਸੀਂ ਇਸ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨਾ ਚਾਹੁੰਦੇ ਹੋ ਕਿ ਬੱਚਿਆਂ ਦੀ ਸਹਾਇਤਾ ਦੇ ਲਈ ਸਕੂਲ ਅਤੇ ਭਾਈਚਾਰੇ MDI ਡੈਟਾ ਦੀ ਵਰਤੋਂ ਕਿਵੇਂ ਕਰਦੇ ਹਨ ਤਾਂ ਕਿਰਪਾ ਕਰਕੇ ਸਾਡੀ ਇਸ ਵੈੱਬਸਾਈਟ 'ਤੇ ਜਾਓ: www.discovermdi.ca.

## ਮੂਲ ਵਾਸੀਆਂ ਸਬੰਧੀ ਡੈਟਾ ਅਤੇ ਰਿਪੋਰਟਾਂ

HELP ਇਸ ਗੱਲ ਨੂੰ ਮੰਨਦਾ ਹੈ ਅਤੇ ਇਸਦਾ ਸਤਿਕਾਰ ਕਰਦਾ ਹੈ ਕਿ ਫ਼ਸਟ ਨੇਸ਼ਨਜ਼, ਮੇਟਿਸ ਅਤੇ ਇਨੁਇਟ ਭਾਈਚਾਰਿਆਂ ਅਤੇ ਸਥਾਨਕ ਸਰਕਾਰਾਂ ਨੂੰ ਉਹਨਾਂ ਦੇ ਬੱਚਿਆਂ ਕੋਲੋਂ ਇਕੱਠੇ ਕੀਤੇ ਗਏ ਸਾਰੇ ਡੈਟਾ ਤਕ ਪਹੁੰਚਣ ਦਾ ਹੱਕ ਹੈ। Aboriginal Steering Committee ਦੇ ਮਾਰਗਦਰਸ਼ਨ ਹੇਠ HELP ਨੇ ਫ਼ਸਟ ਨੇਸ਼ਨਜ਼, ਮੇਟਿਸ ਅਤੇ ਇਨੁਇਟ ਸਰਕਾਰਾਂ ਅਤੇ ਮੂਲਵਾਸੀ ਅਗਵਾਈ ਵਾਲੀਆਂ ਸੰਸਥਾਵਾਂ ਦੀ ਡੈਟਾ ਅਤੇ ਰਿਪੋਰਟਾਂ ਰਾਹੀਂ ਮਦਦ ਕਰਨ ਦੇ ਲਈ ਇੱਕ ਪ੍ਰੋਟੋਕੋਲ ਤਿਆਰ ਕੀਤਾ ਹੈ। ਮੂਲਵਾਸੀ ਲੋਕਾਂ ਦੇ ਲਈ MDI ਡੈਟਾ ਨੂੰ HELP ਸਿਰਫ Aboriginal Steering Committee ਦੀ ਅਗਵਾਈ ਅਤੇ ਸਰਪਰਸਤੀ ਹੇਠ ਰਿਪੋਰਟ ਕਰਦਾ ਹੈ।

## ਪ੍ਰੋਜੈਕਟ ਦੇ ਬਾਰੇ ਤੁਹਾਨੂੰ ਹੋਰ ਜਾਣਕਾਰੀ ਕਿੱਥੇ ਮਿਲ ਸਕਦੀ ਹੈ?

ਹੋਰ ਜਾਣਕਾਰੀ ਲਈ ਕਿਰਪਾ ਕਰਕੇ HELP ਦੀ ਵੈੱਬਸਾਈਟ https://earlylearning.ubc.ca/monitoring-system/mdi/mdi-overview/ 'ਤੇ ਜਾਓ। ਜੇ ਤੁਹਾਡੇ ਮਨ ਵਿੱਚ ਕੋਈ ਸਵਾਲ ਜਾਂ ਚਿੰਤਾਵਾਂ ਹਨ ਤਾਂ ਕਿਰਪਾ ਕਰਕੇ ਪ੍ਰੋਜੈਕਟ ਦੀ ਸੰਪਰਕ ਵਿਅਕਤੀ Marit Gilbert ਨਾਲ ਈਮੇਲ ਰਾਹੀਂ mdi@help.ubc.ca ਜਾਂ ਫ਼ੋਨ ਰਾਹੀਂ 604-827-5504 'ਤੇ ਜਾਂ ਟੌਲ-ਫ੍ਰੀ 1-888-908-4050 'ਤੇ ਸੰਪਰਕ ਕਰੋ। ਇਸਦੇ ਇਲਾਵਾ ਤੁਸੀਂ ਮੁੱਖ ਪੜਤਾਲ ਕਰਤਾ ਨਾਲ ਹੇਠਾਂ ਦਿੱਤੇ ਈਮੇਲ ਪਤੇ 'ਤੇ ਸੰਪਰਕ ਕਰ ਸਕਦੇ ਹੋ।

## ਜੇ ਖੋਜ ਦੇ ਬਾਰੇ ਤੁਹਾਨੂੰ ਸ਼ੰਕਾਵਾਂ ਜਾਂ ਸ਼ਿਕਾਇਤਾ ਹੋਣ ਤਾਂ ਤੁਸੀਂ ਕਿਸ ਨਾਲ ਸੰਪਰਕ ਕਰ ਸਕਦੇ ਹੋ?

ਜੇ ਤੁਹਾਨੂੰ ਇਸ ਖੋਜ ਵਿੱਚ ਭਾਗੀਦਾਰ ਵਜੋਂ ਤੁਹਾਡੇ/ਤੁਹਾਡੇ ਬੱਚੇ ਦੇ ਹੱਕਾਂ ਬਾਰੇ ਅਤੇ/ਜਾਂ ਇਸ ਅਧਿਐਨ ਵਿੱਚ ਹਿੱਸਾ ਲੈਣ ਦੌਰਾਨ ਹੋਏ ਕਿਸੇ ਤਜਰਬੇ ਬਾਰੇ ਕੋਈ ਸ਼ੰਕਾਵਾਂ ਜਾਂ ਸ਼ਿਕਾਇਤਾਂ ਹਨ ਤਾਂ ਕਿਰਪਾ ਕਰਕੇ UBC ਦੇ *ਖੋਜ ਨੈਤਿਕਤਾ ਦਫਤਰ* (Office of Research Ethics) ਦੀ *ਖੋਜ ਭਾਗੀਦਾਰ ਸ਼ਿਕਾਇਤ ਲਾਈਨ* ਨਾਲ 604-822-8598 'ਤੇ ਸੰਪਰਕ ਕਰੋ, ਜਾਂ ਜੇ ਦੂਰੀ ਜ਼ਿਆਦਾ ਹੈ ਤਾਂ RSIL@ors.ubc.ca ਵਿਖੇ ਈਮੇਲ ਕਰੋ ਜਾਂ ਟੌਲ-ਫ੍ਰੀ ਨੰਬਰ 1-877-822-8598 'ਤੇ ਕਾਲ ਕਰੋ।

ਸ਼ੁਭ ਚਿੰਤਕ,

**ਕੋਲ ਪਹੁੰਚਾ ਦਿਓ।**

Eva Oberle, Ph.D.
ਪ੍ਰੋਫੈਸਰ, Human Early Learning Partnership
University of British Columbia
ਈਮੇਲ: eva.oberle@ubc.ca

✂------------------------------------------------------------✂------------------------------------------------------------✂

**ਜੇ ਤੁਸੀਂ ਆਪਣੇ ਬੱਚੇ ਨੂੰ ਸਰਵੇਖਣ ਤੋਂ ਬਾਹਰ ਰੱਖਣਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਇਸ ਭਾਗ ਨੂੰ ਭਰ ਕੇ ਆਪਣੇ ਬੱਚੇ ਦੇ ਟੀਚਰ ਕੋਲ ਪਹੁੰਚਾ ਦਿਓ।**

ਜੇ ਤੁਸੀਂ **ਨਹੀਂ** ਚਾਹੁੰਦੇ ਕਿ ਤੁਹਾਡਾ ਬੱਚਾ ਹਿੱਸਾ ਲਵੇ ਤਾਂ ਕਿਰਪਾ ਕਰਕੇ ਇਸ ਫਾਰਮ ਨੂੰ ਕਲਾਸਰੂਮ ਟੀਚਰ ਕੋਲ ਦੋ ਹਫ਼ਤਿਆਂ ਦੇ ਅੰਦਰ ਪਹੁੰਚਾ ਦਿਓ। ਸਰਵੇਖਣ ਪ੍ਰਬੰਧਨ ਤੋਂ ਪਹਿਲਾਂ **ਕਿਸੇ ਵੀ ਸਮੇਂ** ਆਪਣੇ ਬੱਚੇ ਨੂੰ ਸਰਵੇਖਣ ਤੋਂ ਬਾਹਰ ਕੱਢਣ ਲਈ ਤੁਸੀਂ mdi@help.ubc.ca ਨੂੰ ਈਮੇਲ ਵੀ ਭੇਜ ਸਕਦੇ ਹੋ।

☐ ਮੈਂ ਆਪਣੇ ਬੱਚੇ [ਨਾਂ] ______________________________ ਦੁਆਰਾ ਜਨਵਰੀ/ਫਰਵਰੀ ਵਿੱਚ ਹੋਣ ਵਾਲੇ Middle Years Development Instrument (MDI) ਸਰਵੇਖਣ ਵਿੱਚ ਹਿੱਸਾ ਲੈਣ ਲਈ ਸਹਿਮਤ **ਨਹੀਂ** ਹਾਂ।

ਮਾਤਾ/ਪਿਤਾ/ਨਿਗਰਾਨ ਦਾ ਨਾਂ: ___________________________ ਮਿਤੀ:________________________

ਸਕੂਲ: _________________________________________ ਟੀਚਰ: ________________________



Version: Sep 1, 2024
H18-00507-A068